## ਭਗਤ ਨਾਮਦੇਵ - ਸਬਦ ੯

## ਜਬ ਦੇਖਾ ਤਬ ਗਾਵਾ ॥

## ਰਾਗੁ ਸੋਰਠਿ, ਭਗਤ ਨਾਮਦੇਉ, ਗੁਰੂ ਗ੍ਰੰਥ ਸਾਹਿਬ, ੬੫੬

ਜਬ ਦੇਖਾ ਤਬ ਗਾਵਾ ॥
ਤਉ ਜਨ ਧੀਰਜੁ ਪਾਵਾ ॥੧॥
ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥1॥ ਰਹਾਉ ॥
ਜਹ ਝਿਲਿ ਮਿਲਿ ਕਾਰੁ ਦਿਸੰਤਾ ॥
ਤਹ ਅਨਹਦ ਸਬਦ ਬਜੰਤਾ ॥
ਜੋਤੀ ਜੋਤਿ ਸਮਾਨੀ ॥
ਮੈ ਗੁਰ ਪਰਸਾਦੀ ਜਾਨੀ ॥੨॥
ਰਤਨ ਕਮਲ ਕੋਠਰੀ ॥
ਚਮਕਾਰ ਬੀਜੁਲ ਤਹੀ ॥
ਨੇਰੈ ਨਾਹੀ ਦੂਰਿ ॥
ਨਿਜ ਆਤਮੈ ਰਹਿਆ ਭਰਪੂਰਿ ॥੩॥
ਜਹ ਅਨਹਤ ਸੂਰ ਉਜੵਾਰਾ ॥
ਤਹ ਦੀਪਕ ਜਲੈ ਛੰਛਾਰਾ ॥
ਗੁਰ ਪਰਸਾਦੀ ਜਾਨਿਆ ॥
ਜਨੁ ਨਾਮਾ ਸਹਜ ਸਮਾਨਿਆ ॥੪॥੧॥

**ਸਾਰ:** ਜਦੋਂ ਸਾਡਾ ਅੰਤਹਕਰਣ ਉਸ ਬੇਅੰਤ ਜਾਗਰੂਕਤਾ ਨਾਲ ਗੂੰਜਦਾ ਹੈ ਜੋ ਸ਼ਬਦਾਂ ਤੋਂ ਪਾਰ ਮੌਜੂਦ ਹੈ, ਤਾਂ ਸਹਿਜਤਾ ਦੇ ਸੁਹਾਵਣੇ ਪਲ ਸਿਰਜਤ ਹੁੰਦੇ ਹਨ, ਜੋ ਸਾਡੇ ਮਨਾਂ ਨੂੰ ਸ਼ਾਂਤ ਕਰ, ਇਕਾਗਰਤਾ ਵੱਲ ਲੈ ਜਾਂਦੇ ਹਨ। ਇਸ ਸਪਸ਼ਟਤਾ ਨਾਲ, ਅਸੀਂ ਮਹਿਸੂਸ ਕਰਦੇ ਹਾਂ ਕਿ ਬਿਬੇਕ ਰੂਪੀ ਪ੍ਰਕਾਸ਼ ਹਮੇਸ਼ਾ ਸਾਡੇ ਅੰਦਰ ਵਸਦਾ ਰਿਹਾ ਹੈ, ਜੋ ਹਰ ਥਾਂ ਅੰਤਰਦ੍ਰਿਸ਼ਟੀ ਨੂੰ ਉਜਾਗਰ ਅਤੇ ਉਜਲ ਕਰਦਾ ਰਿਹਾ ਹੈ। ਮਨ ਦੀ ਇਸ ਅਵਸਥਾ ਵਿਚ, ਵਿਚਾਰ ਪ੍ਰਮਾਣਿਕ ਮਹਿਸੂਸ ਹੁੰਦੇ ਹਨ, ਜੋ ਬਿਨਾਂ ਕਿਸੇ ਉਦਮ, ਉਦਭਵ ਹੋ ਅਕਸਰ

ਗੂੜ੍ਹ ਸੂਝ ਪ੍ਰਦਾਨ ਕਰਦੇ ਹਨ। ਇਹ ਰੁਪਾਂਤ੍ਰਣ ਸਾਨੂੰ ਉਹ ਕੁਝ ਸਾਂਝਾ ਕਰਨ ਦੇ ਯੋਗ ਬਣਾਉਂਦਾ ਹੈ, ਜੋ ਸਿੱਧੇ ਤੌਰ ‘ਤੇ ਇਮਾਨਦਾਰੀ, ਅਤੇ ਅਰਥ ਭਰਪੂਰ ਦ੍ਰਿਸ਼ਟੀ ਉਪਰ ਟਿਕਿਆ ਹੋਵੇ।

ਜਬ ਦੇਖਾ ਤਬ ਗਾਵਾ ॥

ਜਦੋਂ ਵੀ ਮੈਂ ਦੇਖਦਾ ਹਾਂ, ਮੈਂ ਗਾਉਂਦਾ ਹਾਂ, ਇਹ ਭਾਵ ਅਲੰਕਾਰਿਕ ਤੌਰ 'ਤੇ ਸਹਿਜਤਾ ਦੇ ਪਲਾਂ ਦੌਰਾਨ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਬਾਰੇ ਦਰਸਾਉਂਦਾ ਹੈ।

ਤਉ ਜਨ ਧੀਰਜੁ ਪਾਵਾ ॥੧॥

ਕੇਵਲ ਤਦ ਹੀ ਨਿਮਾਣੇ ਵਿਅਕਤੀ ਨੂੰ ਸ਼ਾਂਤੀ ਮਿਲਦੀ ਹੈ; ਇਹ ਭਾਵ ਪੁਸ਼ਟੀ ਕਰਦਾ ਹੈ ਕਿ ਜਦੋਂ ਸੂਝ ਦਾ ਪਹੁ ਫੁਦਟੀ ਹੈ, ਤਾਂ ਮਨ ਸ਼ਾਂਤ ਹੋ ਜਾਂਦਾ ਹੈ। (੧)

ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥੧॥ ਰਹਾਉ ॥

ਅੰਤਰੀਵੀ ਨਾਦ ਨਾਲ ਇਕਸੁਰ ਹੋ ਕੇ, ਮੈਂ ਦੈਵੀ ਸਦ-ਹਾਜ਼ਰਤਾ ਦੇ ਸੱਚੇ ਬਿਬੇਕ ਨਾਲ ਜੁੜ ਗਿਆ ਹਾਂ (੧)(ਠਹਿਰਾਉ)

ਜਹ ਝਿਲਿ ਮਿਲਿ ਕਾਰੁ ਦਿਸੰਤਾ ॥

ਜਿੱਥੇ ਸਾਰੀਆਂ ਗੂੰਜਦੀਆਂ ਗਤੀਵਿਧੀਆਂ ਨੂੰ ਸਿਰਜਣਹਾਰ ਦੇ ਹਿੱਸੇ ਵਜੋਂ ਮਾਨਤਾ ਦਿੱਤੀ ਜਾਂਦੀ ਹੈ।

ਤਹ ਅਨਹਦ ਸਬਦ ਬਜੰਤਾ ॥

ਫਿਰ ਉੱਥੇ, ਅੰਦਰੋਂ ਬੇਅੰਤ ਬਿਬੇਕ ਦੀ ਸੱਦ ਗੂੰਜਦੀ ਹੈ।

ਜੋਤੀ ਜੋਤਿ ਸਮਾਨੀ ॥

ਪ੍ਰਕਾਸ਼ ਨੂੰ ਸਿਰਜਣਹਾਰ ਅਤੇ ਸ੍ਰਿਸ਼ਟੀ ਵਜੋਂ ਵਜੋਂ ਦੇਖਿਆ ਜਾਂਦਾ ਹੈ, ਦੋਵੇਂ ਇਕ ਹੀ ਰੂਪ ਹਨ।

ਮੈ ਗੁਰ ਪਰਸਾਦੀ ਜਾਨੀ ॥੨॥

ਬਿਬੇਕ ਦੀ ਕਿਰਪਾ ਨਾਲ, ਮੈਨੂੰ ਇਹ ਪਤਾ ਲੱਗਾ। (੨)

ਰਤਨ ਕਮਲ ਕੋਠਰੀ ॥

ਕੀਮਤੀ ਰਤਨ ਉਹ ਕੋਠੜੀ ਹੈ, ਜਿਥੇ ਸੁਹਾਵਣੇ ਕਮਲ ਦੇ ਫੁੱਲ ਖਿੜਦੇ ਹਨ, ਇਹ ਭਾਵ ਇਸ ਤੱਥ ਦਾ ਪ੍ਰਤੀਕ ਹੈ ਕਿ ਦੇਹੀ ਅੰਦਰ ਬਿਬੇਕ ਰੂਪੀ ਖਜ਼ਾਨੇ ਦਾ ਵਾਸ ਹੈ।

ਚਮਕਾਰ ਬੀਜੁਲ ਤਹੀ ॥

ਉੱਥੇ, ਪ੍ਰਕਾਸ਼ ਦੀ ਪਹੁ ਫੁਟਦੀ ਹੈ; ਇਸ ਭਾਵ ਦਾ ਅਰਥ ਹੈ ਕਿ ਸੂਝ ਰੂਪੀ ਚਾਨਣ ਅੰਦਰੋਂ ਹੀ ਪੈਦਾ ਹੁੰਦਾ ਹੈ।

ਨੇਰੈ ਨਾਹੀ ਦੂਰਿ ॥

ਇਹ ਦੂਰ ਨਹੀਂ ਬਲਕਿ ਨੇੜੇ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਬਿਬੇਕ ਆਪ ਤੋਂ ਵੱਖ ਨਹੀਂ ਹੈ।

ਨਿਜ ਆਤਮੈ ਰਹਿਆ ਭਰਪੂਰਿ ॥੩॥

ਹਰ ਕਿਸੇ ਦੀ ਚੇਤਨਾ ਵਿਚ, ਇਹ ਵਿਆਪਕ ਹੈ; ਇਹ ਭਾਵ ਸਮੁਚੀ ਸ੍ਰਿਸ਼ਟੀ ਵਿਚ ਵਿਆਪਕ ਜਾਗਰੂਕਤਾ ਦੀ ਏਕਤਾ ਨੂੰ ਉਜਾਗਰ ਕਰਦਾ ਹੈ। (੩)

ਜਹ ਅਨਹਤ ਸੂਰ ਉਜ੍ਯ੍ਯਾਰਾ ॥

ਜਿੱਥੇ ਸੂਰਜ ਬੇਅੰਤਤਾ ਵਿਚ ਚਮਕਦਾ ਹੈ, ਇਹ ਭਾਵ ਚਿੰਤਨ ਦੇ ਨਿਰੰਤਰ ਅਭਿਆਸ ਨੂੰ ਦਰਸਾਉਂਦਾ ਹੈ।

ਤਹ ਦੀਪਕ ਜਲੈ ਛੰਛਾਰਾ ॥

ਉੱਥੇ, ਇਕ ਦੀਵਾ ਮੱਧਮ ਜਿਹਾ ਚਮਕਦਾ ਹੈ; ਇਹ ਭਾਵ ਸੁਝਾਅ ਦਿੰਦਾ ਹੈ ਕਿ ਅਨੁਭਵ ਅਤੇ ਅਭਿਆਸ ਤੋਂ ਪ੍ਰਾਪਤ ਬਿਬੇਕ ਸਿਰਫ਼ ਤੱਥਾਂ ਦੇ ਗਿਆਨ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੈ।

ਗੁਰ ਪਰਸਾਦੀ ਜਾਨਿਆ ॥

ਰੂਹਾਨੀ ਦ੍ਰਿਸ਼ਟੀ ਨੇ ਮੈਨੂੰ ਇਹ ਸੂਝ ਪ੍ਰਦਾਨ ਕੀਤੀ ਹੈ।

ਜਨੁ ਨਾਮਾ ਸਹਜ ਸਮਾਨਿਆ ॥੪॥੧॥

ਨਾਮਦੇਵ ਨਿਮਰਤਾ ਨਾਲ ਕਹਿੰਦੇ ਹਨ ਕਿ ਉਹ ਸਹਿਜਮਈ ਸ਼ਾਂਤ ਅਵਸਥਾ ਵਿਚ ਲੀਨ ਹੋ ਗਏ ਹਨ। (੪)(੧)

**ਤੱਤ:** ਭਗਤ ਨਾਮਦੇਵ ਇਕ ਬਾ-ਕੀਮਤੀ ਸੂਝ ਸਾਂਝੀ ਕਰਦੇ ਹਨ ਕਿ ਰੂਹਾਨੀ ਬਿਬੇਕ ਸਾਡੇ ਅੰਦਰੋਂ ਹੀ ਖਿੜਦਾ ਹੈ। ਸਹੀ ਮਾਰਗਦਰਸ਼ਨ ਅਤੇ ਅਨੁਭਵਾਤਮਕ ਸਿੱਖਿਆ ਰਾਹੀਂ ਸਾਧਕ ਆਪਣਾ ਧਿਆਨ ਬਾਹਰੀ ਸੰਸਾਰ ਦੀਆਂ ਭਟਕਣਾਵਾਂ ਤੋਂ ਹਟਾ ਕੇ ਆਪਣੀ ਗੂੜ੍ਹ ਅੰਤਰ ਆਤਮਾ ਵੱਲ ਮੋੜ ਸਕਦੇ ਹਨ। ਜਦੋਂ ਅਸੀਂ ਸੰਤੋਖ ਦੀ ਮੂਲ ਸਮਰੱਥਾ ਨੂੰ ਸਵਿਕਾਰਦੇ ਅਤੇ ਪਹਿਚਾਣਦੇ ਹਾਂ, ਤਾਂ ਮਨ ਵਿਚ ਸ਼ਾਂਤੀ ਦੀ ਪਹੁ ਫੁੱਟਦੀ ਹੈ। ਰੂਪਾਂਤ੍ਰਣ ਦੀ ਇਹ ਯਾਤਰਾ ਸਾਨੂੰ ਅਨੰਦ ਭਰਪੂਰ ਸਹਿਜ ਅਵਸਥਾ ਤੱਕ ਲੈ ਜਾਂਦੀ ਹੈ, ਜਿੱਥੇ ਅਸੀਂ ਅਨੰਤਕਾਲ ਬਿਬੇਕ ਨੂੰ ਵੇਖ ਸੁਣ ਕੇ ਇਸ ਨਾਲ ਇਕਰੂਪ ਹੋ ਸਕਦੇ ਹਾਂ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **[OnenessInDiversity.com]**

**ਈਮੇਲ: onenessindiversityfoundation@gmail.com**